# ਫਾਰਮੇਸੀ (ਆਯੂਰਵੈਦਿਕ) ਉਪਵੈਦ ਸੈਸ਼ਨ 2019-20 ਵਿਚ ਡਿਪਲੋਮੇ ਲਈ ਦਾਖਲਾ ਸੂਚਨਾ

ਸੈਸ਼ਨ 2019-20 ਲਈ ਸਰਕਾਰੀ ਆਯੂਰਵੈਦਿਕ ਕਾਲਜ ਪਟਿਆਲਾ ਅਤੇ ਪ੍ਰਾਈਵੇਟ ਕਾਲਜਿਜ ਜੋ ਪੰਜਾਬ ਰਾਜ ਦੇ ਵੱਖ- ਵੱਖ ਸਥਾਨਾਂ ਤੇ ਸਥਿਤ ਹਨ, ਵਿਚ ਦੋ ਸਾਲਾ ਤਿੰਨ ਮਹੀਨੇ ਦਾ ਫਾਰਮੇਸੀ (ਆਯੂਰਵੈਦਿਕ) ਉਪਵੈਦ ਕੋਰਸ ਵਿਚ ਡਿਪਲੋਮੇ ਲਈ ਬਿਨੈ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।ਕਾਲਜਾ ਦੇ ਨਾਮ, ਸੀਟਾਂ ਅਤੇ ਅਪਲਾਈ ਕਰਨ ਦੀ ਵਿਧੀ ਦਾ ਵੇਰਵਾ ਪੰਜਾਬ ਸਟੇਟ ਫੈਕਲਟੀ ਆਫ ਆਯੂਰਵੈਦਿਕ ਅਤੇ ਯੂਨਾਨੀ ਸਿਸਟਮਜ ਆਫ ਮੈਡੀਸਨ, ਐਸ.ਏ.ਐਸ ਨਗਰ ਦੀ ਵੈਬਸਾਈਟ www.upvaidadm.smartpad.in ਅਤੇ www.punjabstatefaculty.com ਤੇ ਉਪਲਬਧ ਹਨ।

1. **ਯੋਗਤਾ**:- 2.1 ਪਾਸ ਕੀਤੀ ਪ੍ਰੀਖਿਆ:-ਉਮੀਦਵਾਰ ਨੇ ਪੰਜਾਬ ਵਿਚ ਸਥਿਤ ਮਾਨਤਾ ਪ੍ਰਾਪਤ ਸੰਸਥਾ ਤੋਂ ਰੈਗੂਲਰ, ਓਪਨ ਸਕੂਲ ਜਾਂ ਪ੍ਰਾਈਵੇਟ ਉਮੀਦਵਾਰ ਵਜੋਂ 10+2 ਪ੍ਰੀਖਿਆ ਜਾਂ ਇਸ ਦੇ ਬਰਾਬਰ ਪ੍ਰੀਖਿਆ ਪਾਸ ਕੀਤੀ ਹੋਵੇ। ਤਰਜੀਹ ਉਸ ਉਮੀਦਵਾਰ ਨੂੰ ਦਿੱਤੀ ਜਾਵੇਗੀ, ਜਿਸ ਨੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ/ ਗਣਿਤ ਦੇ ਵਿਸ਼ਿਆਂ ਵਿਚ 10+2 ਪ੍ਰੀਖਿਆ ਜਾਂ ਇਸ ਦੇ ਬਰਾਬਰ ਪ੍ਰੀਖਿਆ ਪਾਸ ਕੀਤੀ ਹੋਵੇ।ਜੇਕਰ ਪੰਜਾਬ ਤੋਂ ਉਮੀਦਵਾਰ ਉਪਲਬਧ ਨਹੀਂ ਹੁੰਦੇ ਤਾਂ ਹੋਰ ਰਾਜਾਂ ਤੋਂ ਉਮੀਦਵਾਰਾਂ ਨੂੰ ਸੀਟ ਦਿੱਤੀ ਜਾਵੇਗੀ।

2. **ਉਮਰ**: ਉਮੀਦਵਾਰ ਦੀ ਸਾਲ 31 ਦਸੰਬਰ 2019 ਨੂੰ 17 ਸਾਲ ਦੀ ਉਮਰ ਪੂਰੀ ਹੋਵੇ।ਸੀਟਾ ਦੀ ਗਿਣਤੀ ਰਾਖਵਾਂਕਰਨ/ਫੀਸ/ਚੋਣ/ਦਾਖਲਾ ਅਤੇ ਹੋਰ ਸ਼ਰਤਾਂ ਪੰਜਾਬ ਸਰਕਾਰ ਨੰ:12/1/08-5ਐਚ ਬੀ III/3947 ਮਿਤੀ 13-10-2016 ਅਤੇ ਨੰ:12/1/08-5ਐਚ ਬੀ III/6365 ਮਿਤੀ 27/09/2018 ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਬਿਨੈ ਪੱਤਰ /ਫਾਰਮ ਵੈਬਸਾਈਟ www.upvaidadm.smartpad.in ਅਤੇ www.punjabstatefaculty.com ਮਿਤੀ 16/08/2019 ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

**ਨੋਟ**: ਆਯੂਰਵੈਦ (ਉਪ-ਵੈਦ) ਵਿਚ ਡੀ ਫਾਰਮੇਸੀ ਲਈ ਸੈਸ਼ਨ 2019-20_ਦਾ ਦਾਖਲਾ ਕੇਵਲ ਓਨਲਾਇਨ ਅਰਜੀਆਂ ਦੇ ਆਧਾਰ ਤੇ ਹੀ ਕੀਤਾ ਜਾਏਗਾ। ਬਿਨ੍ਹਾਂ ਓਨਲਾਇਨ ਤੋਂ ਅਰਜੀ ਫਾਰਮ ਮਨਜੂਰ ਨਹੀਂ ਕੀਤਾ ਜਾਵੇਗਾ।

| | |
|---|---|
| ਓਨਲਾਇਨ ਫਾਰਮ ਉਪਲਬਧਤਾ ਦੀ ਮਿਤੀ | 16/08/2019 ਤੋਂ 06/09/2019 ਨੂੰ ਰਾਤ 12:00 ਵਜੇ ਤੱਕ |
| ਦਾਖਲਾ ਅਰਜੀ ਫੀਸ | ਰੁ:350/-(ਓਨਲਾਇਨ ਦਾਖਲਾ ਅਰਜੀ ਅਪਲਾਈ ਕਰਦੇ ਸਮੇਂ ਈ-ਚਲਾਨ/ਡੈਬੀਟ/ਕਰੈਡੀਟ ਕਾਰਡ/ ਨੈਟ ਬੈਕਿੰਗ ਰਾਂਹੀ 07/09/2019 ਰਾਤ 12:00 ਵਜੇ ਤੱਕ ਹੀ ਕੀਤੀ ਜਾ ਸਕਦੀ ਹੈ।) |
| ਵੈਬਸਾਇਟ ਤੇ ਮੈਰਿਟ ਲਿਸਟ ਪ੍ਰਕਾਸ਼ਤ ਅਤੇ ਪ੍ਰੋਵੀਜਨਲ ਸੀਟ ਅਲਾਟ ਕਰਨ ਦੀ ਮਿਤੀ | 11/09/2019 |
| ਵਿਦਿਆਰਥੀ ਦੁਆਰਾ ਅਲਾਟਡ ਕਾਲਜ ਵਿਚ ਰਿਪੋਰਟ ਕਰਨ, ਟਿਊਸ਼ਨ ਫੀਸ ਜਮ੍ਹਾ ਕਰਵਾਉਣ ਅਤੇ ਦਸਤਾਵੇਜ ਵੈਰੀਫਾਈ ਕਰਵਾਉਣ ਦੀ ਮਿਤੀ | 12/09/2019 ਤੋਂ 16/09/2019 ਨੂੰ ਸ਼ਾਮ 03:00 ਵਜੇ ਤੱਕ |

ਉਮੀਦਵਾਰਾਂ ਨੂੰ ਅਪਲਾਈ ਕਰਦੇ ਸਮੇ ਆਪਣੇ ਜਰੂਰੀ ਦਸਤਾਵੇਜ ਸਕੈਨ ਕਰਕੇ ਫਾਰਮ ਦੇ ਨਾਲ ਵੈਬਸਾਇਟ ਤੇ ਲੋਡ ਕਰਨੇ ਹੋਣਗੇ, ਅਧੂਰੇ ਕਾਗਜ ਹੋਣ ਤੇ ਫਾਰਮ ਮਨਜੂਰ ਨਹੀਂ ਕੀਤਾ ਜਾਵੇਗਾ।

**ਨੋਟ**:- ਦੂਜੀ ਕੌਸਲਿੰਗ ਜੇਕਰ ਸੰਸਥਾਵਾਂ ਦੁਆਰਾ ਲੋੜੀਦੀ ਹੋਈ ਪੰਜਾਬ ਸਟੇਟ ਫੈਕਲਟੀ ਆਫ ਆਯੂਰਵੈਦਿਕ ਐਂਡ ਯੂਨਾਨੀ ਸਿਸਟਮ ਆਫ ਮੈਡੀਸਨ, ਐਸ.ਏ.ਐਸ.ਨਗਰ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਅਤੇ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨਾਂ ਅਨੁਸਾਰ ਓਨਲਾਇਨ ਹੀ ਕੀਤੀ ਜਾਵੇਗੀ ਅਤੇ ਇਸਦੀ ਜਾਣਕਾਰੀ ਸਮੇਂ-ਸਮੇਂ ਤੇ ਵੈਬਸਾਇਟ ਤੇ ਅਪਲੋਡ ਕਰ ਦਿੱਤੀ ਜਾਵੇਗੀ।